# Prospectus

Self Financed Higher Education Institute Society (Regd.)

# 2018-19




# Shaheed Udham Singh Govt. College

## Sunam Udham Singh Wala

NAAC Accredited : B Grade (2.72)

# ਕਾਲਜ ਸ਼ਬਦ

ਦੇਹ ਸਿਵਾ ਬਰ ਮੋਹਿ ਇਹੈ ਸੁਭ ਕਰਮਨ ਤੇ ਕਬਹੂੰ ਨ ਟਰੋਂ ॥
ਨ ਡਰੋ ਅਰਿ ਸੋ ਜਬ ਜਾਇ ਲਰੋਂ ਨਿਸਚੈ ਕਰਿ ਅਪੁਨੀ ਜੀਤ ਕਰੋਂ ॥
ਅਰੁ ਸਿਖ ਹੌਂ ਆਪਨੇ ਹੀ ਮਨ ਕੌ ਇਹ ਲਾਲਚ ਹਉ ਗੁਨ ਤਉ ਉਚਰੋਂ ॥
ਜਬ ਆਵ ਕੀ ਅਉਧ ਨਿਦਾਨ ਬਨੈ ਅਤਿ ਹੀ ਰਨ ਮੈ ਤਬ ਜੂਝ ਮਰੋਂ ॥੨੩੧॥{੧}



## SHAHEED UDHAM SINGH JI
(1899-1940)

S. Udham Singh was born on December 26, 1899 in Sunam, District Sangrur of Punjab, India, to a Sikh Family. His father S. Tehal Singh was a railway crossing watchman in the Village Upalli. His mother died in 1901, and his father in 1907. S. Udham Singh changed his name to Ram Mohammad Singh Azad, symbolising the three Major Religions of India: Hinduism, Islam and Sikhism. S. Udham Singh is a prominent figure of The Indian Independence Struggle.

S. Udham Singh was an Indian Revolutionary, well known for assassinating Michael O'Dwyer in March 1940. This act has been described in the history as an avenge of the Jallianwalla Bagh Massacre at Amritsar on 13 April, 1919.

This college was founded and established in 1969 under the name of Shaheed Udham Singh Memorial Degree College, Sunam. In 1974, when the ashes of the great martyr brought from London to Sunam with the efforts of Centre and State Government, the name of the institution was changed to Shaheed Udham Singh Government College, Sunam.

# Message



**Dr. Sukhbir Singh Thind**
Principal

"Develop a passion for learning. If you do, you will never cease to grow."

Dear students, as your journey into the new academic year begins, you can achieve heights of life. The prime objective of each and every student should be the emphasis on comprehensive and indispensable knowledge related to the main subject or stream, the one has opted for. Besides it, one must learn good communication skills, leadership qualities, team spirit, creativity along with co-operation and co-ordination as these are the need of the hour due to tough or challenging computational world. The Higher Education Institute Society (HEIS) is involved in the pursuit of running the professional (self financed) courses like BCA, M.Sc. (IT), PGDCA, Post Graduate Diploma in Dress Designing & Tailoring, Diploma in Computer Hardware & Networking.

In short all the students should take the maximum advantages of opportunities provided by the college and also involve themselves in all the activities either academic or extra co curricular.

I extend my hearty welcome to the new students and wish them good luck in all their endeavors.

# List of Self Finance (HEIS) Faculty

| | | |
|---|---|---|
| 1. | **S. Jaspal Singh** (MCA) | **Asstt. Professor** |
| 2. | **S. Gagandeep Singh Handa** (MCA) | **Asstt. Professor** |
| 3. | **S. Kamalpreet Singh Cheema** (MCA, M.Tech*) | **Asstt. Professor** |
| 4. | **Mrs. Shivani** (MCA) | **Asstt. Professor** |
| 5. | **Mrs. Arbha** (M.Tech) | **Asstt. Professor** |
| 6. | **Mrs. Surinder Kaur** (MCA) | **Asstt. Professor** |
| 7. | **Mrs. Anchal** (M.Sc. (Math), M.Phil) | **Asstt. Professor** |
| 8. | **Mrs. Neetu Bala** (MCA, M.Tech) | **Asstt. Professor** |
| 9. | **Mrs. Sukhjinder Kaur** (M.Sc. Fashion Designing) | **Asstt. Professor** |
| 10. | **Mrs. Nishu** (M.Tech) | **Asstt. Professor** |
| 11. | **Mrs. Navjot Kaur** (M.Tech) | **Asstt. Professor** |
| 12. | **Mr. Dinesh Kumar** (M.A. English) | **Asstt. Professor** |
| 13. | **Dr. Happy** (M.A. Punjabi, Net, Ph.D) | **Asstt. Professor** |
| 14. | **Mr. Pawan Kumar** (MCA) | **System Analyst** |
| 15. | **S. Jaspreet Singh** (MCA) | **Tech. Asstt.** |
| 16. | **S. Jaskaran Singh** (M.Sc. (IT) | **Tech. Asstt.** |
| 17. | **Mr. Vijay Kumar** (B.A., PGDCA) | **Clerk** |

# Higher Education Institute Society (HEIS SUSGCS)

| | | |
|---|---|---|
| 1. | **Dr. Sukhbir Singh Thind** | **Chairman/CEO** |
| 2. | **Dr. Parminder Singh** | **Vice Chairman** |
| 3. | **Prof. Gurjant Singh** | **Member Secretary** |
| 4. | **Dr. Ramandeep Kaur** | **In-charge** |
| 5. | **Dr. Gagandeep Singh** | **Member** |
| 6. | **S. Sukhwinder Singh Sukh** | **Member** |
| 7. | **S. Pritpal Singh Handa** | **Member** |
| 8. | **Prof. Manpreet Singh Gill** | **Member** |
| 9. | **S. Yadwinder Singh Nirman** | **Member** |
| 10. | **Sh. Parveen Garg** | **Member** |
| 11. | **Sh. Darshan Singh Chauhan** | **Member** |

# Courses being offered in the Self Financed Deptt.*

**Master of Science (Information Technology)- (M.Sc-IT)**

Duration : 2 Year Total Seats :30

Eligibility : Graduation with 50% Marks

**M.Sc-IT Lateral Entry**

Duration : 1Year Total Seats :30

Eligibility : PGDCA

**Bachelor of Computer Application (BCA)**

Duration: 3Years Total Seats : 80

Eligibility : 10+2 in any Stream but preference is given to those applicants who have studied maths in 10+2

**Post Graduate Diploma in Computer Application (PGDCA)**

Duration : 1Year Total Seats :60

Eligibility : Graduation in any Stream

**Post Graduate Diploma in Dress Designing & Tailoring**

Duration : 1Year Total Seats : 30

Eligibility : Graduation

**Diploma in Computer Hardware & Networking (DCHN)**

Duration : 1Year Total Seats : 30

Eligibility : 10+2 in Any Stream (with minimum 40% marks)

**Other Courses being offered in the College:**

| | |
|---|---|
| M.A. (History) | 2 yrs |
| B.Sc. (Med./Non Med.) | 3 yrs |
| B.Com. | 3 yrs |
| B.Com. (Honours) - II, III | ------ |
| B.A. | 3 yrs |
| MA (Punjabi)** | 2 yrs |
| Diploma in Agriculture ** | 2 yrs |

Add-on Courses (Spoken English and Communication Skills, Music (v) and Fine Arts)

10+1 / 10+2 (Medical / Non Medical)

* All the courses are open for Boys & Girls.

** Subject to approval

# State-wise List of fake Universities as on April 2018

**Bihar:**

1. Maithili University/Vishwavidyalaya, Darbhanga, Bihar.

**Delhi:**

1. Commercial University Ltd., Daryaganj, Delhi.
2. United Nations University, Delhi.
3. Vocational University, Delhi.
4. ADR-Centric Juridical University, ADR House, 8J, Gopala Tower, 25 Rajendra Place, New Delhi - 110 008.
5. Indian Institute of Science and Engineering, New Delhi.
6. Viswakarma Open University for Self-Employment, Rozgar Sewasadan, 672, Sanjay Enclave, Opp. GTK Depot, Delhi-110033.
7. Adhyatmik Vishwavidyalaya (Spiritual University), 351-352, Phase-I, Block-A, Vijay Vihar, Rithala, Rohini, Delhi-110085

**Karnataka:**

1. Badaganvi Sarkar World Open University Education Society, Gokak, Belgaum, Karnataka.

**Kerala:**

1. St. John's University, Kishanattam, Kerala.

**Maharashtra:**

1. Raja Arabic University, Nagpur, Maharashtra.

**West Bengal:**

1. Indian Institute of Alternative Medicine, Kolkatta.
2. Institute of Alternative Medicine and Research,8-A, Diamond Harbour Road, Builtech inn, 2nd Floor, Thakurpurkur, Kolkatta - 700063

**Uttar Pradesh:**

1. Varanaseya Sanskrit Vishwavidyalaya, Varanasi (UP) Jagatpuri, Delhi.
2. Mahila Gram Vidyapith/Vishwavidyalaya, (Women's University) Prayag, Allahabad, Uttar Pradesh.
3. Gandhi Hindi Vidyapith, Prayag, Allahabad, Uttar Pradesh.
4. National University of Electro Complex Homeopathy, Kanpur, Uttar Pradesh.
5. Netaji Subhash Chandra Bose University (Open University), Achaltal, Aligarh, Uttar Pradesh.
6. Utt ar Pradesh Vishwavidyalaya, Kosi Kalan, Mathura, Uttar Pradesh.
7. Maharana Pratap Shiksha Niketan Vishwavidyalaya, Pratapgarh, Uttar Pradesh.
8. Indraprastha Shiksha Parishad, Institutional Area,Khoda,Makanpur,Noida Phase-II, Uttar Pradesh.

**Odisha:**

1. Nababharat Shiksha Parishad, Anupoorna Bhawan, Plot No. 242, Pani Tanki Road,Shaktinagar, Rourkela-769014.
2. North Orissa University of Agriculture & Technology, Odisha.

**Puducherry:**

1. Sree Bodhi Academy of Higher Education, No. 186, Thilaspet, Vazhuthavoor Road, Puducherry-605009

*** Bhartiya Shiksha Parishad, Lucknow, UP - the matter is subjudice before the District Judge - Lucknow**

# ਦਾਖਲੇ ਲਈ ਲੋੜੀਂਦੇ ਦਸਤਾਵੇਜ ਅਤੇ ਵਿਸ਼ੇਸ਼ ਹਦਾਇਤਾਂ

1) ਇੰਟਰਵਿਊ ਸਮੇਂ ਉਮੀਦਵਾਰ ਹੇਠ ਲਿਖੇ ਅਸਲ ਸਰਟੀਫਿਕੇਟ ਜ਼ਰੂਰ ਨਾਲ ਲੈ ਕੇ ਆਉਣ :

ੳ) ਜਨਮ-ਮਿਤੀ ਦੇ ਸਬੂਤ ਵਜੋਂ ਦਸਵੀਂ ਸ਼੍ਰੇਣੀ ਦਾ ਅਸਲ ਪਾਸ ਸਰਟੀਫਿਕੇਟ

ਅ) ਸਕੂਲ ਬੋਰਡ/ਯੂਨੀਵਰਸਿਟੀ ਦੀਆਂ ਪਾਸ ਕੀਤੀਆਂ ਪ੍ਰੀਖਿਆਵਾਂ ਵਿੱਚ ਅੰਕਾਂ ਦੇ ਵੇਰਵੇ ਵਾਲੇ ਸਰਟੀਫਿਕੇਟ (DMC)

ੲ) ਉਮੀਦਵਾਰ ਨੇ ਜਿੱਥੋਂ ਪਿਛਲੀ ਪ੍ਰੀਖਿਆ ਪਾਸ ਕੀਤੀ ਹੋਵੇ, ਉਸ ਸੰਸਥਾ ਦੇ ਮੁੱਖੀ ਵੱਲੋਂ ਜਾਰੀ ਆਚਰਣ ਸਰਟੀਫਿਕੇਟ।

ਹ) ਪੰਜਾਬ ਤੋਂ ਬਾਹਰਲੀਆਂ ਯੂਨੀਵਰਸਿਟੀਆਂ/ਬੋਰਡਾਂ ਤੋਂ ਹੇਠਲੀ ਪ੍ਰੀਖਿਆ ਪਾਸ ਵਿਦਿਆਰਥੀ ਦਾਖਲੇ ਤੋਂ ਪਹਿਲਾਂ ਅਲਿਜੀਬਿਲਟੀ ਸਰਟੀਫਿਕੇਟ ਪੰਜਾਬੀ ਯੂਨੀਵਰਸਿਟੀ, ਪਟਿਆਲਾ ਪਾਸੋਂ ਲੈ ਕੇ ਆਉਣਗੇ।

2) ਉਪਰੋਕਤ ਸਰਟੀਫਿਕੇਟਾਂ ਦੀਆਂ ਤਸਦੀਕ ਸ਼ੁਦਾ ਕਾਪੀਆਂ ਦਾਖਲਾ ਫਾਰਮ ਨਾਲ ਲਗਾਈਆਂ ਜਾਣ।

3) ਦਾਖਲਾ ਫਾਰਮ ਦੇ ਸਾਰੇ ਕਾਲਮ ਸਾਫ-ਸਾਫ ਭਰੇ ਜਾਣ, ਕੱਟ-ਵੱਢ ਨਾ ਕੀਤੀ ਜਾਵੇ। ਕਿਸੇ ਵੀ ਪੱਖੋਂ ਅਧੂਰਾ ਫਾਰਮ ਦਾਖਲੇ ਲਈ ਵਿਚਾਰਿਆ ਨਹੀਂ ਜਾਵੇਗਾ।

4) ਪਾਸਪੋਰਟ ਸਾਈਜ਼ ਦੀਆਂ ਦੋ ਫੋਟੋਆਂ ਉਮੀਦਵਾਰ ਲਈ ਲਗਾਉਣੀਆਂ ਜਰੂਰੀ ਹਨ। ਇੱਕ ਫੋਟੋ ਦਾਖਲਾ ਫਾਰਮ ਉੱਤੇ ਨਿਸ਼ਚਿਤ ਜਗ੍ਹਾ ਤੇ ਲਗਾਈ ਜਾਵੇ ਤੇ ਦੂਜੀ ਫੋਟੋ ਦਾਖਲਾ ਫਾਰਮ ਪਲਾਸਟਿਕ ਦੇ ਲਿਫਾਫੇ ਵਿੱਚ ਪਾ ਕੇ, ਨਾਲ ਨੱਥੀ ਕੀਤੀ ਜਾਵੇ। ਇਨ੍ਹਾਂ ਫੋਟੋਆਂ ਪਿੱਛੇ ਉਮੀਦਵਾਰ ਦਾ ਨਾਂ, ਪਿਤਾ ਦਾ ਨਾਂ ਅਤੇ ਦਾਖਲੇ ਦੀ ਕਲਾਸ ਲਿਖੀ ਜਾਵੇ। ਇਹ ਨਿਯਮ ਕਾਲਜ ਦੇ ਪੁਰਾਣੇ ਵਿਦਿਆਰਥੀਆਂ ਤੇ ਵੀ ਲਾਗੂ ਹੁੰਦਾ ਹੈ।

5) ਕਿਸੇ ਕਲੀਨੀਕਲ ਲੈਬਾਰਟਰੀ ਤੋਂ ਬਲੱਡ ਗਰੁੱਪ ਦਾ ਸਰਟੀਫਿਕੇਟ।

6) ਦਾਖਲਾ ਫਾਰਮ ਉੱਤੇ ਪਿਤਾ/ਮਾਤਾ ਦੇ ਅਸਲੀ ਹਸਤਾਖ਼ਰ ਨਿਸਚਿਤ ਥਾਂ ਉੱਤੇ ਜਰੂਰੀ ਹਨ। ਪਿਤਾ/ਮਾਤਾ ਦੇ ਜਾਅਲੀ ਹਸਤਾਖ਼ਰ ਬਾਰੇ ਪਤਾ ਲੱਗ ਜਾਣ ਦੀ ਹਾਲਤ ਵਿੱਚ ਦਾਖਲਾ ਰੱਦ ਕਰ ਦਿੱਤਾ ਜਾਵੇਗਾ। ਦਾਖਲਾ ਮਿਲਣ ਤੋਂ ਬਾਅਦ ਵੀ ਇਸ ਗੱਲ ਦਾ ਪਤਾ ਲੱਗਣ ਉੱਤੇ ਦਾਖਲਾ ਮੁੱਢੋਂ ਰੱਦ ਕੀਤਾ ਜਾ ਸਕਦਾ ਹੈ ਅਤੇ ਇਸ ਹਾਲਤ ਵਿੱਚ ਕੋਈ ਰਿਫੰਡ ਵੀ ਨਹੀਂ ਦਿੱਤਾ ਜਾਵੇਗਾ।

## ਫੀਸ ਅਦਾਇਗੀ ਦੇ ਨਿਯਮ (Rules Regarding Payment of Fees)

- ਉਮੀਦਵਾਰ ਦਾਖਲੇ ਲਈ ਲੋੜੀਂਦੀ ਰਕਮ ਇੰਟਰਵਿਊ ਸਮੇਂ ਨਾਲ ਲੈ ਕੇ ਆਉਣ, ਕਿਉਂਕਿ ਦਾਖਲੇ ਲਈ ਚੁਣੇ ਗਏ ਉਮੀਦਵਾਰ ਨੂੰ ਇਹ ਰਕਮ ਮੌਕੇ 'ਤੇ ਹੀ ਜਮ੍ਹਾਂ ਕਰਾਉਣੀ ਹੋਵੇਗੀ, ਅਜਿਹਾ ਨਾ ਕਰਨ ਦੀ ਸੂਰਤ ਵਿੱਚ ਉਸ ਉਮੀਦਵਾਰ ਦਾ ਦਾਖਲਾ ਰੱਦ ਕਰ ਦਿੱਤਾ ਜਾਵੇਗਾ।
- ਫੀਸ ਦੀ ਅਦਾਇਗੀ ਕਰਨ ਉਪਰੰਤ ਰਸੀਦ ਤੁਰੰਤ ਪ੍ਰਾਪਤ ਕਰ ਲਈ ਜਾਵੇ ਅਤੇ ਵਿਦਿਆਰਥੀ ਇਹ ਅਸਲ ਰਸੀਦ ਆਪਣੇ ਕੋਲ ਸੰਭਾਲ ਕੇ ਰੱਖਣ ਕਿਉਂਕਿ ਇਸਦੀ ਅਕਸਰ ਜਰੂਰਤ ਪੈਂਦੀ ਰਹਿੰਦੀ ਹੈ।
- ਇਕ ਵਾਰ ਭਰੇ ਫੰਡ ਅਤੇ ਫੀਸ ਵਾਪਸ ਨਹੀਂ ਕੀਤੇ ਜਾਣਗੇ। ਫੀਸ ਹਮੇਸ਼ਾ ਪੇਸ਼ਗੀ ਅਤੇ ਸਮੇਂ ਸਿਰ, ਸੂਚਿਤ ਕੀਤੀਆਂ ਮਿਤੀਆਂ ਤੇ ਦੇਣੀ ਲਾਜ਼ਮੀ ਹੈ। ਜੇਕਰ ਫੰਡ, ਫੀਸ ਤੇ ਜੁਰਮਾਨੇ ਮਿਥੀ ਮਿਤੀ ਤੱਕ ਨਾ ਜਮ੍ਹਾਂ ਕਰਵਾਏ ਤਾਂ ਵਿਦਿਆਰਥੀ ਦਾ ਨਾਂ ਕਾਲਜ ਰੋਲ ਤੋਂ ਕੱਟ ਦਿੱਤਾ ਜਾਵੇਗਾ। ਇਸ ਸਬੰਧ ਵਿੱਚ ਦੁਬਾਰਾ ਸੂਚਨਾ ਜਾਰੀ ਨਹੀਂ ਕੀਤੀ ਜਾਵੇਗੀ। ਨਿਸ਼ਚਿਤ ਸਮੇਂ ਤੇ ਫੀਸ ਨਾ ਭਰਨ ਲਈ ਕਲਾਸ ਤੋਂ ਗੈਰ-ਹਾਜ਼ਰੀ ਦਾ ਕੋਈ ਕਾਰਨ ਨਹੀਂ ਮੰਨਿਆ ਜਾਵੇਗਾ।
- ਜੇਕਰ ਵਿਦਿਆਰਥੀ ਵੱਲੋ ਦਾਖਲਾ ਫਾਰਮ ਵਿੱਚ ਕਿਸੇ ਪ੍ਰਕਾਰ ਦੀ ਗਲਤ ਦਿੱਤੀ ਸੂਚਨਾ ਦੇ ਅਧਾਰ ਉੱਪਰ ਦਾਖਲਾ ਰੱਦ ਹੁੰਦਾ ਹੈ ਤਾਂ ਅਜਿਹੇ ਵਿਦਿਆਰਥੀ ਨੂੰ ਕੋਈ ਰਿਫੰਡ ਨਹੀਂ ਮਿਲੇਗਾ।

## ਰਾਖਵੀਆਂ ਸੀਟਾਂ (Reservation of Seats)

| | | | |
|---|---|---|---|
| 1 | ਅਨੁਸੂਚਿਤ ਜਾਤੀਆਂ ਲਈ | : | 25% |
| 2 | ਪਛੜੀਆਂ ਸ੍ਰੇਣੀਆਂ ਲਈ | : | 10% |

3 ਅਪੰਗ ਵਿਦਿਆਰਥੀਆਂ ਲਈ : 3%
4 ਆਰਮਡ ਫੋਰਸਿਜ/ਸੀ. ਆਰ. ਪੀ. ਐਫ. /ਪੁਲਿਸ/ : 2%
ਬੀ. ਐਸ. ਐਫ. ਵਿੱਚ ਕੰਮ ਕਰ ਰਹੇ/ਸੇਵਾ-ਮੁਕਤ/
ਸੇਵਾ ਦੌਰਾਨ ਸਵਰਗਵਾਸ ਹੋ ਚੁੱਕੇ ਕਰਮਚਾਰੀਆਂ ਦੇ ਬੱਚਿਆਂ ਲਈ
5 ਖਿਡਾਰੀਆਂ ਲਈ : 2%
6 ਅੱਤਵਾਦ/ਦੰਗਾਪੀੜਤ ਪ੍ਰੀਵਾਰਾਂ ਦੇ ਬੱਚਿਆਂ ਲਈ : 2%
7 ਅਧਿਆਪਕਾਂ/ਸਿੱਖਿਆ ਵਿਭਾਗ ਵਿੱਚ ਕੰਮ ਕਰਦੇ ਕਰਮਚਾਰੀਆਂ ਦੇ ਬੱਚਿਆਂ ਲਈ : 2%

**ਉਪਰੋਕਤ ਤੋਂ ਇਲਾਵਾ ਰਾਖਵੀਆਂ ਸੀਟਾਂ ਸਬੰਧੀ ਪੰਜਾਬ ਸਰਕਾਰ ਦੀਆਂ ਹਦਾਇਤਾਂ ਪੂਰੀ ਤਰ੍ਹਾਂ ਲਾਗੂ ਕੀਤੀਆਂ ਜਾਣਗੀਆਂ। ਜੇਕਰ ਰਾਖਵੇਂਕਰਨ ਸਬੰਧੀ ਸਰਕਾਰ ਵੱਲੋਂ ਤਬਦੀਲੀ ਹੁੰਦੀ ਹੈ ਤਾਂ ਉਹ ਤਬਦੀਲੀ ਲਾਗੂ ਹੋਵੇਗੀ।**

ਖਿਡਾਰੀਆਂ ਲਈ ਰਾਖਵੀਆਂ ਸੀਟਾਂ ਦੀ ਮੈਰਿਟ, ਖੇਡਾਂ ਵਿੱਚ ਪ੍ਰਾਪਤੀ ਮੰਨੀ ਜਾਵੇਗੀ ਨਾ ਕਿ ਹੇਠਲੀ ਪਾਸ ਕੀਤੀ ਪ੍ਰੀਖਿਆ ਦੇ ਪ੍ਰਾਪਤ ਕੀਤੇ ਅੰਕ। ਪਰ ਯੂਨੀਵਰਸਿਟੀ ਵਲੋਂ ਨਿਸਚਿਤ ਕੀਤੀ ਯੋਗਤਾ ਦੇ ਘੱਟ ਤੋਂ ਘੱਟ ਅੰਕ ਪ੍ਰਾਪਤ ਹੋਣੇ ਜਰੂਰੀ ਹਨ।

ਜਿਹੜੇ ਵਿਦਿਆਰਥੀ ਅੱਧ ਵਿਚਕਾਰ ਆਪਣੀ ਮਰਜ਼ੀ ਨਾਲ ਕਾਲਜ ਛੱਡ ਜਾਂਦੇ ਹਨ, ਉਹ ਕਾਲਜ ਛੱਡਣ ਦੀ ਮਿਤੀ ਤੋਂ ਇੱਕ ਸਾਲ ਦੇ ਅੰਦਰ-ਅੰਦਰ ਲਾਇਬਰੇਰੀ ਜਮਾਨਤ (Security) ਵਾਪਸ ਲੈ ਸਕਦੇ ਹਨ। ਜਿਹੜੇ ਵਿਦਿਆਰਥੀ ਪੂਰਾ ਸੈਸ਼ਨ ਲਗਾ ਕੇ ਜਾਂਦੇ ਹਨ, ਉਹ ਕਾਲਜ ਛਡੱਣ ਤੋਂ ਬਾਅਦ ਅਗਲੇ ਸਾਲ 30 ਅਪ੍ਰੈਲ ਤੱਕ ਆਪਣੀ ਲਾਇਬਰੇਰੀ ਜਮਾਨਤ ਵਾਪਿਸ ਲੈ ਸਕਦੇ ਹਨ। ਇਨ੍ਹਾਂ ਮਿਤੀਆਂ ਤੋਂ ਬਾਅਦ ਲਾਇਬਰੇਰੀ ਜਮਾਨਤ ਲੈਪਸ ਹੋ ਜਾਵੇਗੀ।

## ਫੀਸ ਮੁਆਫੀ (Fee Concession)

ਲੋੜਵੰਦ ਤੇ ਹੋਣਹਾਰ ਵਿਦਿਆਰਥੀਆਂ ਦੀ ਸਹਾਇਤਾ ਲਈ ਕਾਲਜ ਵਿੱਚ ਇੱਕ ਸੀਮਿਤ ਮਾਤਰਾ ਵਿੱਚ ਫੀਸ ਮੁਆਫ ਕਰਨ ਦਾ ਪ੍ਰੰਬਧ ਹੈ। ਇਸ ਸਬੰਧ ਵਿੱਚ ਵਿਦਿਆਰਥੀਆਂ ਨੂੰ ਪਹਿਲੇ/ਤੀਜੇ/ਪੰਜਵੇਂ ਸਮੈਸਟਰ ਦੀ ਪਹਿਲਾਂ ਪੂਰੀ ਫੀਸ ਭਰਨੀ ਪਵੇਗੀ। ਇਸਤੋਂ ਬਾਅਦ ਨੋਟਿਸ ਲਗਾਕੇ ਜ਼ਰੂਰਤਮੰਦ ਵਿਦਿਆਰਥੀਆਂ ਪਾਸੋਂ ਅਰਜੀਆਂ ਮੰਗੀਆਂ ਜਾਣਗੀਆਂ। ਅਰਜ਼ੀ ਨਿਯਤ ਫਾਰਮ ਉੱਤੇ ਦੇਣੀ ਹੋਵੇਗੀ ਜੋ ਸੈਲਫ-ਫਾਇਨਾਂਸਡ ਵਿਭਾਗ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ। ਇਸ ਅਰਜ਼ੀ ਉਤੇ ਪਿਤਾ/ਮਾਤਾ/ਸਰਪ੍ਰਸਤ (ਜੋ ਵਿਦਿਆਰਥੀ ਦੀ ਪਾਲਨਾ ਕਰਦਾ ਹੋਵੇ) ਦੇ ਹਸਤਾਖ਼ਰ ਕੀਤੇ ਹੋਣੇ ਚਾਹੀਦੇ ਹਨ। ਫਾਰਮ ਉੱਤੇ ਗਰੁੱਪ ਟਿਊਟਰ ਦੀ ਸਿਫਾਰਿਸ਼ ਹੋਣੀ ਵੀ ਜਰੂਰੀ ਹੈ। ਫੀਸ ਮੁਆਫੀ ਲਈ ਬਣਾਈ ਕਮੇਟੀ ਸਬੰਧਤ ਵਿਦਿਆਰਥੀਆਂ ਦੀ ਇੰਟਰਵਿਊ/ਦਸਤਾਵੇਜ਼ ਚੈਕ ਕਰੇਗੀ, ਕਮੇਟੀ ਦੀਆਂ ਸਿਫਾਰਸ਼ਾਂ ਉਪਰੰਤ ਜ਼ਰੂਰਤਮੰਦ ਵਿਦਿਆਰਥੀਆਂ ਦੀ ਫੀਸ ਦੂਜੇ/ਚੋਥੇ/ਛੇਵੇਂ ਸਮੈਸਟਰ ਵਿੱਚ ਮੁਆਫ਼ ਕੀਤੀ ਜਾ ਸਕਦੀ ਹੈ।

ਫੀਸ ਕੇਵਲ ਉਸੇ ਹਾਲਤ ਵਿੱਚ ਮੁਆਫ ਰਹਿ ਸਕਦੀ ਹੈ ਜੇਕਰ ਵਿਦਿਆਰਥੀ ਕਲਾਸਾਂ ਵਿੱਚ ਬਕਾਇਦਾ ਹਾਜ਼ਰ ਰਹਿੰਦਾ ਹੈ, ਪੜ੍ਹਾਈ ਵਿੱਚ ਤਸੱਲੀਬਖ਼ਸ਼ ਪ੍ਰਗਤੀ ਵਿਖਾਉਂਦਾ ਹੈ। ਕਾਲਜ ਦੇ ਅਨੁਸਾਸ਼ਨ ਵਿੱਚ ਰਹਿੰਦਾ ਹੈ ਅਤੇ ਕਾਲਜ ਵਿੱਚ ਹੋਣ ਵਾਲੀਆਂ ਪ੍ਰੀਖਿਆਵਾਂ (M.S.T.) ਵਿੱਚ ਚੰਗੇ ਨੰਬਰ ਪ੍ਰਾਪਤ ਕਰਦਾ ਹੈ। ਉਸ ਵਿਦਿਆਰਥੀ ਤੋਂ ਫੀਸ ਮੁਆਫੀ ਵਾਪਸ ਲਈ ਜਾ ਸਕਦੀ ਹੈ ਜਿਸ ਦੇ ਵਿਵਹਾਰ ਬਾਰੇ ਕਾਲਜ ਦੇ ਕਿਸੇ ਅਧਿਕਾਰੀ ਨੂੰ ਸ਼ਿਕਾਇਤ ਹੋਵੇ ਜਾਂ ਪੜਾਈ ਵਿੱਚ ਬੇਨਿਯਮੀ ਤੇ ਅਣਗਿਹਲੀ ਕਰਦਾ ਹੋਵੇ ਜਾਂ ਵਿਨਾਸ਼ਕ ਕੰਮਾਂ ਵਿੱਚ ਭਾਗ ਲੈਂਦਾ ਹੋਵੇ।

## ਹਾਜ਼ਰੀਆਂ ਅਤੇ ਜੁਰਮਾਨੇ (Attendance and Fine)

ਕਾਲਜ ਵਿੱਚ ਦਾਖਲ ਹੋਏ ਸਮੂਹ ਵਿਦਿਆਰਥੀਆਂ ਨੂੰ ਯੂਨੀਵਰਸਿਟੀ ਦੀ ਪ੍ਰੀਖਿਆ ਵਿੱਚ ਬੈਠਨ ਦੇ ਯੋਗ ਬਣਨ ਲਈ ਹਰ ਪਰਚੇ ਜਾਂ ਹਰ ਵਿਸ਼ੇ ਵਿੱਚ 75% ਹਾਜ਼ਰੀਆਂ ਜਰੂਰੀ ਹਨ। ਮਾਪਿਆਂ/ਸਰਪ੍ਰਸਤਾਂ ਨੂੰ ਚਾਹੀਦਾ ਹੈ ਕਿ ਵਿਦਿਆਰਥੀਆਂ ਦੀਆਂ ਹਾਜਰੀਆਂ ਬਾਰੇ ਪੂਰਾ ਧਿਆਨ ਰੱਖਣ ਅਤੇ ਕਾਲਜ 'ਚ ਇਸ ਸਬੰਧੀ ਵਿਸ਼ੇਸ਼ ਕਰਕੇ ਸਤੰਬਰ, ਨਵੰਬਰ, ਫਰਵਰੀ ਤੇ ਅਪ੍ਰੈਲ ਦੇ ਮਹੀਨਿਆਂ 'ਚ ਸੰਪਰਕ ਕਰਨ। ਜੇਕਰ ਕਿਸੇ ਵਿਦਿਆਰਥੀ ਦੇ ਮਾਤਾ/ਪਿਤਾ/ਸਰਪ੍ਰਸਤ ਨੂੰ ਕਿਸੇ ਵੇਲੇ ਕਾਲਜ ਵਿਖੇ ਬੁਲਾਇਆ ਜਾਂਦਾ ਹੈ ਤਾਂ ਉਹ ਸਬੰਧਿਤ ਅਧਿਕਾਰੀਆਂ ਨੂੰ ਜਰੂਰ ਮਿਲਣ। ਸਾਲ ਦੇ ਅਖੀਰ ਵਿੱਚ ਜਿਹੜੇ ਵਿਦਿਆਰੀਆਂ ਦੇ ਲੈਕਚਰ ਘੱਟ ਹੋਣਗੇ ਉਨ੍ਹਾਂ ਨੂੰ ਯੂਨੀਵਰਸਿਟੀ ਦੇ ਨਿਯਮਾਂ ਅਨੁਸਾਰ ਯੂਨੀਵਰਸਿਟੀ ਪ੍ਰੀਖਿਆ ਵਿੱਚ ਬੈਠਨ ਦੀ ਆਗਿਆ ਨਹੀਂ

ਦਿੱਤੀ ਜਾਵੇਗੀ। ਜਿਹੜੇ ਵਿਦਿਆਰਥੀ ਦਿਨ ਦੇ ਕਿਸੇ ਪੀਰੀਅਡ ਜਾਂ ਪੂਰਾ ਦਿਨ ਗੈਰ-ਹਾਜ਼ਰ ਰਹਿੰਦੇ ਹਨ, ਉਨ੍ਹਾਂ ਨੂੰ ਬਣਦਾ ਜੁਰਮਾਨਾ ਦੇਣਾ ਪਵੇਗਾ। ਟਿਊਟੋਰੀਅਲ ਗਰੁੱਪ ਦੀ ਮੀਟਿੰਗ ਵਿੱਚ ਗੈਰ-ਹਾਜ਼ਰੀ ਦਾ ਵਿਸ਼ੇਸ਼ ਜੁਰਮਾਨਾ ਹੋਵੇਗਾ।

ਜੇਕਰ ਕੋਈ ਵਿਦਿਅਰਥੀ ਦਸ ਦਿਨ ਲਗਾਤਾਰ ਕਲਾਸ ਵਿੱਚੋਂ ਗੈਰ-ਹਾਜ਼ਰ ਰਹਿੰਦਾ ਹੈ ਤਾਂ ਉਸ ਦਾ ਨਾਂ ਕਾਲਜ ਰੋਲ ਵਿੱਚੋਂ ਕੱਟ ਦਿੱਤਾ ਜਾਵੇਗਾ। ਮੁੜ ਦਾਖਲੇ ਸਬੰਧੀ ਫੈਸਲਾ ਪ੍ਰਿੰਸੀਪਲ ਸਾਹਿਬ ਦੇ ਵਿਸ਼ੇਸ਼ ਅਧਿਕਾਰ ਵਿੱਚ ਹੋਵੇਗਾ। ਮੁੜ ਦਾਖਲੇ ਲਈ ਵਿਦਿਆਰਥੀਆਂ ਨੂੰ ਬਣਦਾ ਜੁਰਮਾਨਾ ਦੇਣਾ ਪਵੇਗਾ ਅਤੇ ਯੂਨੀਵਰਸਿਟੀ ਵੱਲੋਂ ਨਿਰਧਾਰਤ ਹਾਜ਼ਰੀਆਂ ਅਤੇ ਹੋਰ ਸ਼ਰਤਾਂ ਪੂਰੀਆਂ ਕਰਨੀਆਂ ਵਿਦਿਆਰਥੀ ਦੀ ਆਪਣੀ ਜਿੰਮੇਵਾਰੀ ਹੋਵੇਗੀ।

## ਵਿਦਿਆਰਥੀਆਂ ਦੇ ਧਿਆਨਯੋਗ ਜਰੂਰੀ ਹਦਾਇਤਾਂ:

1 ਮਾਨਯੋਗ ਸੁਪਰੀਮ ਕੋਰਟ ਦੇ ਹੁਕਮਾਂ ਅਨੁਸਾਰ ਕਾਲਜ ਵਿੱਚ ਕਿਸੇ ਵੀ ਕਿਸਮ ਦੀ ਰੈਗਿੰਗ (Ragging) ਦੀ ਮਨਾਹੀ ਹੈ। ਸਿਗਰਟ, ਤੰਬਾਕੂ ਜਾਂ ਸ਼ਰਾਬ ਪੀਣ ਜਾਂ ਕਿਸੇ ਹੋਰ ਨਸ਼ੇ ਦੀ ਹਾਲਤ ਵਿੱਚ ਕਾਲਜ ਆਉਣ ਦੀ ਸਖਤ ਮਨਾਹੀ ਹੈ। ਕਿਸੇ ਤਰ੍ਹਾਂ ਦਾ ਨਸ਼ਾ ਕਰਨ ਵਾਲੇ ਅਤੇ ਰੈਗਿੰਗ ਕਰਨ ਵਾਲੇ ਵਿਦਿਆਰਥੀ ਵਿਰੁੱਧ ਬਣਦੀ ਅਨੁਸਾਸ਼ਨੀ ਕਾਰਵਾਈ ਕੀਤੀ ਜਾਵੇਗੀ।

2 ਵਿਦਿਆਰਥੀ ਨੂੰ ਸਲਾਨਾ ਪ੍ਰੀਖਿਆਵਾਂ ਵਿੱਚ ਬੈਠਣ ਤੋਂ ਪਹਿਲਾਂ ਯੂਨੀਵਰਸਿਟੀ ਵੱਲੋਂ ਨਿਰਧਾਰਿਤ ਹਾਜ਼ਰੀਆਂ ਆਦਿ ਦੀਆਂ ਸ਼ਰਤਾਂ ਪੂਰੀਆਂ ਕਰਨੀਆਂ ਜਰੂਰੀ ਹਨ। 75% ਹਾਜ਼ਰੀਆਂ ਅਤੇ M.S.T. ਪ੍ਰੀਖਿਆਵਾਂ ਆਦਿ ਦੀਆਂ ਸ਼ਰਤਾਂ ਪੂਰੀਆਂ ਨਾ ਕਰਨ ਦੀ ਸੂਰਤ ਵਿੱਚ ਵਿਦਿਆਰਥੀ ਯੂਨੀਵਰਸਿਟੀ ਦੀਆਂ ਸਮੈਸਟਰ ਪ੍ਰੀਖਿਆਵਾਂ ਵਿੱਚ ਬੈਠਣ ਦਾ ਦਾਵੇਦਾਰ ਨਹੀਂ ਹੋਵੇਗਾ।

3 ਵਿਦਿਆਰਥੀਆਂ ਲਈ ਕਾਲਜ ਵਿੱਚ ਕਾਰ-ਪਾਰਕਿੰਗ ਦੀ ਸੁਵਿਧਾ ਨਹੀਂ ਹੈ।

4 ਸਾਈਕਲ, ਸਕੂਟਰ, ਮੋਪਡ ਅਤੇ ਮੋਟਰਸਾਇਕਲ ਨਿਸ਼ਚਿਤ ਥਾਵਾਂ ਤੇ ਖੜ੍ਹੇ ਕੀਤੇ ਜਾਣ।

5 ਪ੍ਰਿੰਸੀਪਲ ਸਾਹਿਬ ਦੀ ਅਗੇਤੀ ਆਗਿਆ ਪ੍ਰਾਪਤ ਕੀਤੇ ਬਿਨਾਂ ਕੋਈ ਮੀਟਿੰਗ ਕਾਲਜ ਵਿੱਚ ਨਹੀਂ ਕੀਤੀ ਜਾ ਸਕਦੀ ਅਤੇ ਨਾ ਹੀ ਕਾਲਜ ਬਿਲਡਿੰਗ ਉੱਪਰ ਕੋਈ ਪੋਸਟਰ/ਫਲੈਕਸ ਲਗਾਇਆ ਜਾ ਸਕਦਾ ਹੈ।

6 ਕਾਲਜ ਕੈਂਪਸ ਨੂੰ ਸਾਫ ਰੱਖਣਾ ਹਰ ਵਿਦਿਆਰਥੀ ਦਾ ਫਰਜ ਹੈ। ਕਾਗਜ ਅਤੇ ਹੋਰ ਫਾਲਤੂ ਪਦਾਰਥ ਕਾਲਜ ਵਿੱਚ ਰੱਖੇ ਕੂੜੇਦਾਨ ਵਿੱਚ ਹੀ ਸੁੱਟੇ ਜਾਣ।

7 ਕਾਲਜ ਵਿੱਚ ਦਾਖਲਾ, ਨਾ ਕਟਵਾਉਣਾ ਜਾਂ ਕਿਸੇ ਹੋਰ ਵਿਸ਼ੇ ਸਬੰਧੀ ਸੰਪਰਕ/ਪੱਤਰ-ਵਿਹਾਰ ਪ੍ਰਿੰਸੀਪਲ ਨਾਲ ਕੀਤਾ ਜਾਣਾ ਚਾਹੀਦਾ ਹੈ।

8 ਕਾਲਜ ਦੇ ਵਿੱਚ ਵਿਦਿਆਰਥੀ ਕੋਲ ਹਰ ਵੇਲੇ ਆਪਣਾ ਸ਼ਨਾਖਤੀ ਕਾਰਡ ਹੋਣਾ ਬਹੁਤ ਜਰੂਰੀ ਹੈ। ਵਿਦਿਆਰਥੀ ਕੋਲ ਸ਼ਨਾਖਤੀ ਕਾਰਡ ਦਾ ਨਾ ਹੋਣਾ ਕਾਲਜ ਅਨੁਸਾਸ਼ਨ ਭੰਗ ਕਰਨ ਦੀ ਕਾਰਵਾਈ ਮੰਨਿਆ ਜਾਵੇਗਾ। ਕਾਲਜ ਦੇ ਕਿਸੇ ਕਰਮਚਾਰੀ ਦੇ ਪੁੱਛਣ 'ਤੇ ਵਿਦਿਆਰਥੀ ਨੂੰ ਸ਼ਨਾਖ਼ਤੀ ਕਾਰਡ ਦਿਖਾਉਣਾ ਪਵੇਗਾ। ਸਨਾਖਤੀ ਕਾਰਡ ਤੋਂ ਬਿਨ੍ਹਾਂ ਕਾਲਜ ਵਿੱਚ ਆਉਣ ਦੀ ਮਨਾਹੀ ਹੈ।

9 ਕਾਲਜ ਵੱਲੋਂ ਹਰ ਸੂਚਨਾ ਨੋਟਿਸ ਬੋਰਡ ਤੇ ਲਗਾਈ ਜਾਂਦੀ ਹੈ, ਇਸ ਲਈ ਵਿਦਿਆਰਥੀ ਹਰ ਰੋਜ਼ ਨੋਟਿਸ ਬੋਰਡ ਜਰੂਰ ਵੇਖਣ।

10 ਕੋਈ ਵੀ ਵਿਦਿਆਰਥੀ ਕਾਲਜ ਵਿੱਚ ਬਾਹਰਲੇ ਵਿਅਕਤੀ ਨੂੰ ਆਪਣੇ ਨਾਲ ਨਹੀਂ ਲੈ ਕੇ ਅਵੇਗਾ ਅਤੇ ਨਾ ਹੀ ਮਿਲੇਗਾ, ਅਜਿਹਾ ਕਰਨ ਦੀ ਸੂਰਤ ਵਿੱਚ ਵਿਦਿਆਰਥੀ 'ਤੇ ਬਣਦੀ ਅਨੁਸਾਸ਼ਨੀ ਕਾਰਵਾਈ ਕੀਤੀ ਜਾਵੇਗੀ।

11 ਵਿਦਿਆਰਥੀਆਂ ਨੂੰ ਹਦਾਇਤ ਹੈ ਕਿ ਕਾਲਜ ਦੇ ਕਰਮਚਾਰੀਆਂ/ਚੌਕੀਦਾਰਾਂ ਅਤੇ ਗੇਟ ਤੇ ਤਾਇਤਨਾਤ ਸੁਰੱਖਿਆ ਗਾਰਡਾਂ ਦਾ ਆਦਰ ਕਰਨ।

12 ਵਿਦਿਆਰਥੀਆਂ ਦੇ ਮਾਪੇ/ਸਰਪ੍ਰਸਤ ਕਾਲਜ ਦੇ ਸੁਧਾਰ ਲਈ ਆਪਣੇ ਸੁਝਾਅ ਦੇ ਸਕਦੇ ਹਨ।

## ਕਾਲਜ ਛੱਡਣ ਸਬੰਧੀ ਨਿਯਮ (College Leaving Rules)

ਕਾਲਜ ਛੱਡਣ ਦੇ ਇਛੁੱਕ ਵਿਦਿਆਰਥੀ ਲਿਖਤੀ ਰੂਪ ਵਿੱਚ ਬੇਨਤੀ ਕਰਨਗੇ। ਜਦੋਂ ਤੱਕ ਵਿਦਿਆਰਥੀ ਦਾ ਨਾਂ ਕਾਲਜ ਵੱਲੋਂ ਰਸਮੀ ਤੌਰ ਤੇ ਕੱਟਿਆ ਨਹੀਂ ਜਾਂਦਾ ਉਦੋਂ ਤੱਕ ਉਸ ਨੂੰ ਕਾਲਜ ਦੇ ਭਰਨ ਯੋਗ ਖਰਚੇ ਤੇ ਜੁਰਮਾਨੇ, ਜੋ ਉਸ ਵੱਲ ਬਣਦੇ ਹੋਣਗੇ, ਦੇਣੇ ਪੈਣਗੇ। ਜਿਨ੍ਹਾਂ ਵਿਦਿਆਰਥੀਆਂ ਵੱਲ ਜੁਰਮਾਨੇ ਦੇ ਬਕਾਏ, ਕਾਲਜ ਦੇ ਬਕਾਏ ਜਾਂ ਲਾਇਬਰੇਰੀ ਦੀਆਂ ਪੁਸਤਕਾਂ ਨਿਕਲਦੀਆਂ ਹੋਣਗੀਆਂ, ਉਨ੍ਹਾਂ ਨੂੰ ਕਾਲਜ ਛੱਡਣ ਦਾ ਪ੍ਰਮਾਣ ਪੱਤਰ ਜਾਰੀ ਨਹੀਂ ਕੀਤਾ ਜਾਵੇਗਾ ਅਤੇ ਉਨ੍ਹਾਂ ਵਿਰੁੱਧ ਢੁੱਕਵੀਂ ਕਾਰਵਾਈ ਵੀ ਕੀਤੀ ਜਾ ਸਕਦੀ ਹੈ।

## ਸ਼ਨਖਾਤੀ ਅਤੇ ਲਾਇਬਰੇਰੀ ਕਾਰਡ (Identity & Library Card)

ਦਾਖਲੇ ਉਪਰੰਤ ਹਰ ਵਿਦਿਆਰਥੀ ਨੂੰ ਇੱਕ ਸ਼ਨਾਖ਼ਤੀ/ਲਾਇਬਰੇਰੀ ਕਾਰਡ ਕਾਲਜ ਵੱਲੋਂ ਦਿੱਤਾ ਜਾਵੇਗਾ। ਦਾਖਲੇ ਉਪੰਰਤ ਤੁਰੰਤ ਇਸ ਨੂੰ ਹਰ ਪੱਖੋਂ ਮੁਕੰਮਲ ਕਰਵਾਉਣਾ ਵਿਦਿਆਰਥੀ ਦੀ ਨਿੱਜੀ ਜਿਮੇਵਾਰੀ ਹੈ। ਸ਼ਨਾਖ਼ਤੀ ਕਾਰਡ ਗੁੰਮ ਹੋ ਜਾਣ ਤੇ ਲਾਇਬਰੇਰੀਅਨ ਨੂੰ ਤੁਰੰਤ ਇਤਲਾਹ ਦਿੱਤੀ ਜਾਵੇ ਤਾਂ ਜੋ ਕੋਈ ਹੋਰ ਤੁਹਾਡੇ ਕਾਰਡ ਦੀ ਦੁਰਵਰਤੋਂ ਨਾ ਕਰ ਸਕੇ। ਡੁਪਲੀਕੇਟ ਸਨਾਖ਼ਤੀ ਕਾਰਡ 250/-ਰੁਪਏ (50 ਰੁਪਏ ਕਾਰਡ ਦਾ ਮੁੱਲ+200/-ਰੁਪਏ ਜੁਰਮਾਨਾ) ਭਰਕੇ ਅਤੇ ਨਿਯਮਾਂ ਅਨੁਸਾਰ ਪ੍ਰਿੰਸੀਪਲ ਦੀ ਪ੍ਰਵਾਨਗੀ ਉਪਰੰਤ ਹੀ ਜਾਰੀ ਕੀਤਾ ਜਾਵੇਗਾ।

ਲਾਇਬਰੇਰੀ ਤੋਂ No Dues Slip ਲੈਣ ਉਪਰੰਤ ਵੀ ਵਿਦਿਆਰਥੀ ਆਪਣਾ ਲਾਇਬਰੇਰੀ/ਸ਼ਨਾਖ਼ਤੀ ਕਾਰਡ ਸੰਭਾਲ ਕੇ ਰੱਖਣ ਕਿਉਂਕਿ ਇਸ ਕਾਰਡ ਤੋਂ ਬਗੈਰ ਕਾਲਜ ਮੈਗਜੀਨ ਊਧਮ ਜਯੋਤੀ, ਲਾਇਬਰੇਰੀ ਜਮਾਨਤ ਅਤੇ ਯੂਨੀਵਰਸਿਟੀ ਰੋਲ ਨੰਬਰ ਆਦਿ ਨਹੀਂ ਦਿੱਤੇ ਜਾਣਗੇ।

## ਅਨੁਸੂਚਿਤ ਜਾਤੀਆਂ/ਕਬੀਲਿਆਂ ਦੇ ਵਿਦਿਆਰਥੀਆਂ ਲਈ ਵਜੀਫਾ ਸਕੀਮ :-

ਅਨੁਸੂਚਿਤ ਜਾਤੀਆਂ/ਕਬੀਲਿਆਂ ਦੇ ਵਿਦਿਆਰਥੀਆਂ ਜਿਨ੍ਹਾਂ ਦੇ ਮਾਪਿਆਂ ਦੀ ਸਾਰੇ ਵਸੀਲਿਆਂ ਤੋਂ ਸਲਾਨਾ ਆਮਦਨ 2.50 ਲੱਖ ਰੁ: ਤੋਂ ਘੱਟ ਹੈ ਉਨ੍ਹਾਂ ਦੀ ਫੀਸ ਤੇ ਨਾਨ-ਰਿਫੰਡੇਬਲ ਫੰਡ ਮੁਆਫ ਹੋਣਗੇ। ਆਨਲਾਈਨ ਵਜੀਫਾ ਅਪਲਾਈ ਕਰਨ ਉਪਰੰਤ ਹੀ ਵਿਦਿਆਰਥੀਆਂ ਨੂੰ ਸ਼ਨਾਖਤੀ ਕਾਰਡ ਜਾਰੀ ਕੀਤਾ ਜਾਵੇਗਾ। ਆਨ ਲਾਈਨ ਅਪਲਾਈ ਕਰਨ ਲਈ ਹੇਠ ਲਿਖੇ ਦਸਤਾਵੇਜਾਂ ਨਾਲ ਪ੍ਰੋ. ਅਸ਼ਵਨੀ ਗੋਇਲ ਨਾਲ ਸੰਪਰਕ ਕੀਤਾ ਜਾਵੇ:-

1 ਵਿਦਿਆਰਥੀ ਦੇ ਨਿੱਜੀ ਬੈਂਕ ਖਾਤੇ ਦਾ ਨੰਬਰ , ਬੈਂਕ ਦਾ IFSC ਕੋਡ ਨੰ:

2 ਜਾਤੀ ਸਰਟੀਫਿਕੇਟ ਦੀ ਕਾਪੀ

3 ਫੀਸ ਸਲਿੱਪ ਦੀ ਫੋਟੋ ਕਾਪੀ

4 ਆਮਦਨ ਸਬੰਧੀ ਹਲਫਨਾਮਾ (ਤਹਿਸੀਲਦਾਰ ਦੁਆਰਾ ਤਸਦੀਕ ਸੈਸ਼ਨ 2017-18)

5 ਦੋ ਪਾਸਪੋਰਟ ਸਾਈਜ ਦੀਆਂ ਫੋਟੋਆਂ

6 ਜਨਮ ਮਿਤੀ ਦਾ ਸਬੂਤ ਦੀ ਕਾਪੀ

7 ਅਧਾਰ ਕਾਰਡ ਦੀ ਫੋਟੋ ਕਾਪੀ

## Minority ਵਿਦਿਆਰਥੀਆਂ ਵੱਲੋਂ ਵਜੀਫਾ ਸਕੀਮ

Minority ਵਿਦਿਆਰਥੀਆਂ ਵੱਲੋਂ ਵਜੀਫਾ ਸਕੀਮ ਦਾ ਲਾਭ ਲੈਣ ਲਈ ਡਾ. ਗਗਨਦੀਪ ਸਿੰਘ, ਪੰਜਾਬੀ ਵਿਭਾਗ ਨਾਲ ਸੰਪਰਕ ਕੀਤਾ ਜਾਵੇ।

**ਜ਼ਰੂਰੀ ਨੋਟ:** 1. ਅਨੁਸੂਚਿਤ ਜਾਤੀਆਂ/ਕਬੀਲਿਆਂ (SC/ST) ਨਾਲ ਸਬੰਧਤ ਵਿਦਿਆਰਥੀ ਜੇਕਰ ਸਕਾਲਰਸ਼ਿੱਪ ਅਪਲਾਈ ਨਹੀਂ ਕਰਦਾ ਜਾਂ ਵਿਭਾਗ ਵੱਲੋਂ ਕਿਸੇ ਵੀ ਕਾਰਨ ਕਰਕੇ ਸਕਾਲਰਸ਼ਿਪ ਕੇਸ ਰੱਦ ਹੁੰਦਾ ਹੈ ਤਾਂ ਉਸ ਵਿਦਿਆਰਥੀ ਨੂੰ ਕੋਰਸ ਦੀ ਸਾਰੀ ਫੀਸ ਭਰਨੀ ਪਵੇਗੀ, ਨਾਂ ਭਰਨ ਦੀ ਸੂਰਤ ਵਿੱਚ ਉਸ ਵਿਦਿਆਰਥੀ ਨੂੰ ਰੋਲ ਨੰਬਰ ਜਾਰੀ ਨਹੀਂ ਕੀਤਾ ਜਾਵੇਗਾ ਅਤੇ ਬਕਾਇਆ ਰਾਸ਼ੀ ਲੈਣ ਲਈ ਕਾਰਵਾਈ ਆਰੰਭੀ ਜਾਵੇਗੀ।

2. ਅਨੁਸੂਚਿਤ ਜਾਤੀਆਂ/ਕਬੀਲਿਆਂ (SC/ST) ਨਾਲ ਸਬੰਧਤ ਵਿਦਿਆਰਥੀ ਨੂੰ ਹਰ ਸਾਲ ਸਕਾਲਰਸ਼ਿੱਪ ਲਈ ਅਪਲਾਈ ਕਰਨਾ ਜਰੂਰੀ ਹੈ।

3. ਵਜੀਫੇ ਸਬੰਧੀ ਵਿਦਿਆਰਥੀ ਕੇਵਲ ਇਕ ਕੈਟਾਗਰੀ ਅਧੀਨ ਅਤੇ ਇੱਕ ਸੰਸਥਾ ਵਿੱਚ ਹੀ ਅਪਲਾਈ ਕਰ ਸਕਦਾ ਹੈ।

## ਛੁੱਟੀਆਂ ਦਾ ਸ਼ਡਿਊਲ

ਸਮੂਹ ਕਾਲਜ ਲਈ ਗਰਮੀ ਅਤੇ ਸਰਦੀ ਦੀਆਂ ਛੁੱਟੀਆਂ ਦਾ ਸ਼ਡਿਊਲ ਨਿਮਨ ਲਿਖਤ ਅਨੁਸਾਰ ਹੋਵੇਗਾ:

ਗਰਮੀ ਦੀਆਂ ਛੁੱਟੀਆਂ : 28-05-2018 ਤੋਂ 7-07-2018 ਤੱਕ

ਸਰਦੀ ਦੀਆਂ ਛੁੱਟੀਆਂ : 24-12-2018 ਤੋਂ 6-01-2019 ਤੱਕ

### ਸਮੈਸਟਰ ਪ੍ਰਣਾਲੀ ਦੀ ਪੜ੍ਹਾਈ

| | For Odd Semester | For Even Semester |
|---|---|---|
| 1 ਸਮੈਸਟਰਾਂ ਦੀ ਪੜ੍ਹਾਈ : | 16-07-2018 ਤੋਂ 20-11-2018 ਤੱਕ | 08-01-2019 ਤੋਂ 02-05-2019 ਤੱਕ |
| 2 ਸਮੈਸਟਰਾਂ ਦੇ ਇਮਤਿਹਾਨ : | 26-11-2018 | 06-05-2019 |

## Admission Dates

Semester Classes

| | |
|---|---|
| Without Late Fees | : 09-07-2018 to 16-07-2018 |
| With 500/-late Fees along with the permission From Principal | : 17-07-2018 to 31-07-2018 |
| With 1000/-late Fees along with the permission Of Dean (College Development Councils) | : 01-08-2018 to 10-08-2018 |
| With 1500/-late Fees along with the permission of Vice Chancellor | : 11-08-2018 to 20-08-2018 |
| With 2000/-late Fees along with the permission Of Vice Chanceller & Academic Council. | : 21-08-2018 to 31-08-2018 |

## Fees Structure For Various Courses

| Sr. No. | Semester I & II | Semester III & IV | Semester V & VI |
|---|---|---|---|
| **M.Sc.-IT - I & II** | **25000 (Boys) 24100 (Girls)** | **24000 (Boys) 23100 (Girls)** | ------- |
| **M.Sc. (IT) Lateral Entry** | **25000 (Boys) 24100 (Girls)** | ------- | ------- |
| **BCA-I, II, III** | **23000 (Boys) 22185 (Girls)** | **22000 (Boys) 21185 (Girls)** | **22000 (Boys) 21185 (Girls)** |
| **PGDCA** | **15000 (Boys) 14400 (Girls)** | ------- | ------- |
| **PG Diploma in Dress Designing & Tailoring** | **11000 (Boys) 10571 (Girls)** | ------- | ------- |
| **Diploma in Computer Hardware & Networking** | **11000 (Boys) 10571 (Girls)** | ------- | ------- |

**Note :**

1. **University examination fee will be charged extra, along with the above fee structure for all the courses.**
2. **Cycle/Scooter Fee Extra Rs. 50/100 (Annual Charges)**
3. **Information given here is only indicative and subject to change without any notice as per guidelines of university/ Punjab Govt. Any change in fees or subject by Punjabi university Patiala are applicable to each student.**

# ਕਾਲਜ ਕਮੇਟੀਆਂ (College Committees)

ਕਾਲਜ ਵਿੱਚ ਵਿਦਿਆਰਥੀਆਂ ਦੀ ਸਹੂਲਤ ਲਈ ਹੇਠ ਲਿਖੀਆਂ ਕਮੇਟੀਆਂ ਦਾ ਗਠਨ ਕੀਤਾ ਗਿਆ ਹੈ।

1. **ਕਿੱਤਾ ਸਲਾਹਕਾਰ ਕਮੇਟੀ ਅਤੇ ਪਲੇਸਮੈਂਟ ਸੈੱਲ (Career Consultancy and Placement Cell)** ਇਹ ਕਮੇਟੀ ਵਿਦਿਆਰਥੀ ਨੂੰ ਗਰੈਜੂਏਸ਼ਨ ਤੋਂ ਬਾਅਦ ਨੌਕਰੀ/ਕਿੱਤਾ ਚੁਣਨ ਲਈ ਉਚਿੱਤ ਵਿਸ਼ਿਆਂ ਦੀ ਚੋਣ ਬਾਰੇ ਸਲਾਹ ਦਿੰਦੀ ਹੈ। ਇਸ ਤੋਂ ਇਲਾਵਾ ਵੱਖ-ਵੱਖ ਸਮੇਂ, ਵੱਖ-ਵੱਖ ਅਦਾਰਿਆਂ ਵੱਲੋਂ ਕਰਵਾਏ ਜਾਣ ਵਾਲੇ ਇਮਤਿਹਾਨਾਂ ਬਾਰੇ ਸਲਾਹ ਤੇ ਜਾਣਕਾਰੀ ਦਿੰਦੀ ਹੈ।
2. **IQAC/ ਫੀਡ ਬੈਕ ਕਮੇਟੀ (Feed Back Committee) :** ਇਹ ਕਮੇਟੀ ਕਾਲਜ ਦੇ ਵਿਦਿਆਰਥੀਆਂ, ਮਾਪਿਆਂ ਅਤੇ ਸਾਬਕਾ ਵਿਦਿਆਰਥੀਆਂ ਤੋਂ ਕਾਲਜ ਦੀਆਂ ਵਿੱਦਿਅਕ ਅਤੇ ਹੋਰ ਗਤੀਵਿਧੀਆਂ ਦੀ ਜਾਣਕਾਰੀ ਲੈਣ ਲਈ ਬਣਾਈ ਗਈ ਹੈ ਜੋ ਉਚੇਰੀ ਵਿੱਦਿਆ ਦੇ ਮਾਪਦੰਡਾਂ ਨੂੰ ਧਿਆਨ ਵਿੱਚ ਰੱਖ ਕੇ ਵਿੱਦਿਅਕ ਮਹੌਲ ਦੀ ਉਸਾਰੀ ਸੰਬੰਧੀ ਸੁਝਾਅ ਲੈ ਕੇ ਲੋੜੀਂਦੀ ਕਾਰਵਾਈ ਕਰੇਗੀ।
3. **ਸ਼ਿਕਾਇਤ ਨਿਵਾਰਣ ਕਮੇਟੀ (Grievance Redressal Committee) :** ਇਹ ਕਮੇਟੀ ਵਿਦਿਆਰਥੀਆਂ ਦੇ ਪੇਸ਼ ਆਉਣ ਵਾਲੀਆਂ ਮੁਸ਼ਕਲਾਂ ਨੂੰ ਦੂਰ ਕਰਨ ਲਈ ਬਣਾਈ ਗਈ ਹੈ। ਵਿਦਿਆਰਥੀ ਆਪਣੀਆਂ ਮੁਸ਼ਕਲਾਂ ਅਤੇ ਸ਼ਿਕਾਇਤਾਂ ਲਿਖਤੀ ਰੂਪ ਵਿੱਚ ਕਮੇਟੀ ਅੱਗੇ ਪੇਸ਼ ਕਰ ਸਕਦੇ ਹਨ।
4. **ਹਿੰਸਾ ਅਤੇ ਸ਼ੋਸ਼ਣ ਵਿਰੁੱਧ ਕਮੇਟੀ (Committee against Violence and Exploitation) :** ਇਸ ਕਮੇਟੀ ਦਾ ਗਠਨ ਇਸ ਗੱਲ ਨੂੰ ਧਿਆਨ ਵਿੱਚ ਰੱਖ ਕੇ ਕੀਤਾ ਗਿਆ ਹੈ ਕਿ ਵਿਦਿਆਰਥੀ ਨੂੰ ਕਾਲਜ ਵਿੱਚ ਕਿਸੇ ਵੀ ਤਰ੍ਹਾਂ ਦੀ ਅਸੁਰੱਖਿਆ ਜਾਂ ਡਰ ਦੀ ਭਾਵਨਾ ਤੋਂ ਬਚਾਇਆ ਜਾ ਸਕੇ।
5. **ਨਸ਼ਾ ਵਿਰੋਧੀ ਕਮੇਟੀ (Anti Narcotic Committee) :** ਇਸ ਕਮੇਟੀ ਦਾ ਗਠਨ ਕਾਲਜ ਵਿੱਚ ਵਿਦਿਆਰਥੀਆਂ ਨੂੰ ਨਸ਼ਿਆਂ ਦੇ ਬੁਰੇ ਪ੍ਰਭਾਵਾਂ ਤੋਂ ਜਾਣੂ ਕਰਵਾਕੇ "ਨਸ਼ਿਆਂ ਤੋਂ ਦੂਰ ਰੱਖਣ" ਦੇ ਮੰਤਵ ਨਾਲ ਕੀਤਾ ਗਿਆ ਹੈ।
6. **ਰੈਗਿੰਗ ਵਿਰੋਧੀ ਕਮੇਟੀ ( Anti Ragging Committee ) :** ਇਸ ਕਮੇਟੀ ਦਾ ਗਠਨ ਕਾਲਜ ਵਿੱਚ ਨਵੇਂ ਦਾਖ਼ਲ ਹੋਏ ਵਿਦਿਆਰਥੀਆਂ ਨੂੰ ਰੈਗਿੰਗ ਤੋਂ ਬਚਾਉਣ ਹਿੱਤ ਕੀਤਾ ਗਿਆ ਹੈ। ਯੂ.ਜੀ.ਸੀ. ਦੇ ਪੱਤਰ ਨੰ. 1-15/2009 (ARC) Pt III ਅਨੁਸਾਰ ਕਾਲਜਾਂ ਵਿੱਚ ਰੈਗਿੰਗ ਨੂੰ ਰੋਕਣ ਲਈ ਤਿਆਰ ਕੀਤੀਆਂ ਗਈਆਂ ਚਾਰ ਡਾਕੂਮੈਂਟਰੀ ਫਿਲਮਾਂ ਬਾਰੇ ਵਿਦਿਆਰਥੀਆਂ ਨੂੰ ਜਾਣਕਾਰੀ ਦੇਣ ਲਈ ਕਮੇਟੀ ਵਚਨਵੱਧ ਹੈ।
7. **ਸਾਬਕਾ ਵਿਦਿਆਰਥੀ ਸਭਾ (Old Students Association) :** ਕਾਲਜ ਵਿੱਚ ਕਾਫੀ ਲੰਬੇ ਸਮੇਂ ਤੋਂ ਸਾਬਕਾ ਵਿਦਿਆਰਥੀ ਸਭਾ (ਓ.ਐਸ.ਏ.) ਮੌਜੂਦ ਹੈ। ਜਿਹੜੇ ਵਿਦਿਆਰਥੀ ਕਾਲਜ ਵਿੱਚੋਂ ਆਪਣੀ ਪੜ੍ਹਾਈ ਪੂਰੀ ਕਰ ਲੈਂਦੇ ਹਨ ਉਹ ਇਸ ਦੇ ਮੈਂਬਰ ਬਣ ਸਕਦੇ ਹਨ।
8. **ਕਾਨੂੰਨੀ ਸਾਖ਼ਰਤਾ ਕਲੱਬ (Legal Literacy Club) :** ਇਹ ਕਲੱਬ ਵਿਦਿਆਰਥੀਆਂ ਨੂੰ ਕਾਨੂੰਨ ਨਾਲ ਸਬੰਧਿਤ ਉਨ੍ਹਾਂ ਮੁੱਦਿਆਂ ਤੇ ਜਾਣਕਾਰੀ ਦਿੰਦਾ ਹੈ ਜੋ ਉਨ੍ਹਾਂ ਦੇ ਨਿੱਜੀ ਜੀਵਨ ਅਤੇ ਵਿੱਦਿਅਕ ਖੇਤਰ ਨਾਲ ਜੁੜੇ ਹੋਏ ਹਨ।
9. **ਸਾਖ਼ਰਤਾ, ਪਾਪੂਲੇਸ਼ਨ,ਪਰਿਆਵਰਣ ਅਤੇ ਸੜਕ ਸੁਰੱਖਿਆ ਕਲੱਬ (Literacy, Population, Environment & Road Safety Club) :**ਇਹ ਕਲੱਬ ਵਿਦਿਆਰਥੀਆਂ ਨੂੰ ਵਧਦੀ ਅਬਾਦੀ, ਅਨਪੜ੍ਹਤਾ, ਸੜਕ ਸੁਰੱਖਿਆ ਅਤੇ ਵਾਤਾਵਰਣ ਸੰਬੰਧੀ ਜਾਗਰੂਕ ਕਰਦਾ ਹੈ।ਉਸਾਰੂ ਸੋਚ ਅਤੇ ਸੇਵਾ ਭਾਵਨਾ ਵਾਲੇ ਵਿਦਿਆਰਥੀ ਪਿੰਡਾਂ, ਸ਼ਹਿਰਾਂ ਅਤੇ ਕਸਬਿਆਂ ਵਿੱਚ ਜਾ ਕੇ ਲੋਕਾਂ ਨਾਲ ਤਾਲ-ਮੇਲ ਪੈਦਾ ਕਰਕੇ ਉਹਨਾਂ ਨੂੰ ਸਿੱਖਿਅਤ ਕਰਨਗੇ। 5 ਤੋਂ 10 ਵਿਅਕਤੀਆਂ ਨੂੰ ਸਾਖ਼ਰ ਕਰਨ ਵਾਲੇ ਵਿਦਿਆਰਥੀ ਨੂੰ ਮੈਰਿਟ ਸਰਟੀਫਿਕੇਟ ਦਿੱਤਾ ਜਾਵੇਗਾ।
10. **ਐੱਨ.ਐੱਸ.ਐੱਸ. ਵਿਭਾਗ (NSS):** ਕਾਲਜ ਵਿੱਚ ਵਿੱਦਿਆਰਥੀਆਂ ਦੀ ਸਖਸ਼ੀਅਤ ਨਿਰਮਾਣ ਲਈ ਐੱਨ.ਐੱਸ.ਐੱਸ. ਦੇ ਤਿੰਨ ਯੂਨਿਟ (ਦੋ ਲੜਕੇ ਅਤੇ ਇੱਕ ਲੜਕੀਆਂ) ਚੱਲ ਰਹੇ ਹਨ। ਐੱਨ.ਐੱਸ.ਐੱਸ. ਵੱਲੋਂ ਹਰ ਸਾਲ ਪੰਜ ਇੱਕ ਰੋਜਾ ਕੈਂਪ ਅਤੇ ਇੱਕ ਸੱਤ ਰੋਜਾ ਕੈਂਪ ਲਗਾਇਆ ਜਾਂਦਾ ਹੈ।
11. **ਯੁਵਕ ਸੇਵਾਵਾਂ ਅਤੇ ਰੈੱਡ ਰਿਬਨ ਕਲੱਬ (Youth Services & Red Ribbon Club) :** ਕਾਲਜ ਵਿੱਚ ਸਹਾਇਕ ਡਾਇਰੈਕਟਰ, ਯੁਵਕ ਸੇਵਾਵਾਂ ਸੰਗਰੂਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ "ਯੁਵਕ ਸੇਵਾਵਾਂ ਕਲੱਬ" ਅਤੇ ਪੰਜਾਬ ਸਟੇਟ ਏਡਜ਼ ਕੰਟਰੋਲ ਸੁਸਾਇਟੀ ਅਤੇ ਯੁਵਕ ਸੇਵਾਵਾਂ ਵਿਭਾਗ, ਸੰਗਰੂਰ ਦੇ ਆਦੇਸ਼ ਅਨੁਸਾਰ "ਰੈੱਡ ਰਿਬਨ ਕਲੱਬ" ਬਣਾਇਆ ਗਿਆ ਹੈ।
12. **ਯੂਥ ਰੈੱਡ ਕਰਾਸ ਕਲੱਬ (Youth Red Cross Club) :** ਕਾਲਜ ਵਿੱਚ ਯੂਥ ਰੈੱਡ ਕਰਾਸ ਕਲੱਬ ਦੀ ਸਥਾਪਨਾ ਕੀਤੀ ਗਈ ਹੈ । ਇਹ ਕਲੱਬ ਵਿਦਿਆਰਥੀਆਂ ਨੂੰ ਰੈੱਡ ਕਰਾਸ ਸਬੰਧੀ ਜਾਣਕਾਰੀ ਦਿੰਦਾ ਹੈ ।
13. **ਅੰਗਹੀਣ ਭਲਾਈ ਕਲੱਬ : (Handicapped Welfare Club) :** ਕਾਲਜ ਵਿੱਚ ਅੰਗਹੀਣ ਵਿਦਿਆਰਥੀਆਂ ਨੂੰ ਪੇਸ਼ ਮੁਸ਼ਕਿਲਾਂ ਨੂੰ ਦੂਰ ਕਰਨ ਲਈ ਇਹ ਕਲੱਬ ਕੰਮ ਕਰਦਾ ਹੈ ।
14. **ਯੁਵਕ ਭਲਾਈ ਵਿਭਾਗ : (Youth Welfare Deptt.) :** ਇਹ ਵਿਭਾਗ ਕਾਲਜ ਦੇ ਵਿਦਿਆਰਥੀਆਂ ਨੂੰ ਸਹਿ-ਵਿੱਦਿਅਕ ਸਰਗਰਮੀਆਂ ਵਿੱਚ ਭਾਗ ਲੈਣ ਲਈ ਪ੍ਰੇਰਿਤ ਕਰਦਾ ਹੈ।

**ਨੋਟ : ਉਪਰੋਕਤ ਕਮੇਟੀਆਂ/ਕਲੱਬਾਂ ਦੇ ਕਨਵੀਨਰ ਅਤੇ ਮੈਂਬਰ ਸਾਹਿਬਾਨ ਬਾਰੇ ਜਾਣਕਾਰੀ ਨੋਟਿਸ ਬੋਰਡ ਰਾਹੀਂ ਦਿੱਤੀ ਜਾਵੇਗੀ ।**

# ਕਾਲਜ ਦੀਆਂ ਗਤੀਵਿਧੀਆਂ



# ਕਾਲਜ ਦੀਆਂ ਗਤੀਵਿਧੀਆਂ





Administrative Block



Self Financed Class-rooms




Library of Self Financed Deptt.



Dress Designing Lab



Self Finance (HEIS) Deptt.



Canteen



**Smart Class Room**



**Swimming Pool**



**Hockey Astroturf Ground**



**Virtual Class Room**



**Classroom of Finishing School**



**Computer Lab**

aujlapress11@gmail.com # 98150-76642

**Rs. 100/-**


**Office: 01676-220134, Principal : 98153-46628**

**Visit us at : www.susgovtcollege.com, E-mail : gcsunam@gmail.com, susgovtcollegesunam@yahoo.co.in**

**Contact : 98554-32935, 98554-64522, 84274-01800, 97793-11011**